## ਟ੍ਰਾਂਸਪੋਰਟ ਪਰਉਪਕਾਰੀ ਫ਼ੰਡ

ਗ੍ਰੇਟ ਬ੍ਰਿਟੇਨ ਵਿਚ ਤੁਹਾਡਾ ਸੁਆਗਤ ਹੈ। ਸਾਨੂੰ ਉਮੀਦ ਹੈ ਕਿ ਤੁਹਾਨੂੰ ਇਸ ਦੇਸ਼ ਵਿਚ ਆਪਣਾ ਕੰਮ ਲਾਹੇਵੰਦ ਲਗੇਗਾ ਅਤੇ ਕਿ ਤੁਸੀਂ ਇਥੇ ਬਿਤਾਏ ਆਪਣੇ ਸਮੇਂ ਦਾ ਅਨੰਦ ਮਾਣੋਗੇ। ਬ੍ਰਿਟੇਨ ਦਾ, ਹੋਰਨਾਂ ਦੇਸ਼ਾਂ ਵਿਚ ਪੈਦਾ ਹੋਣ ਵਾਲੇ ਲੋਕਾਂ ਦਾ ਸੁਆਗਤ ਕਰਨ ਦਾ ਲੰਮਾ ਇਤਿਹਾਸ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਇਥੇ ਆਪਣੇ ਦੋਸਤ ਬਣਾਓਗੇ।

ਟ੍ਰਾਂਸਪੋਰਟ ਪਰਉਪਕਾਰੀ ਫ਼ੰਡ [Transport Benevolent Fund] (TBF) ਇਕ ਚੈਰਿਟੀ ਹੈ (ਰਜਿਸਟਰਡ ਨੰਬਰ 1058032), ਜੋ ਗ੍ਰੇਟ ਬ੍ਰਿਟੇਨ ਵਿਚ ਬਸ, ਰੇਲ, ਹਵਾਈ ਜਾਂ ਸਮੁੰਦਰੀ ਜਹਾਜ਼ ਰਾਹੀਂ ਲੋਕਾਂ ਨੂੰ ਲਿਆਉਣ/ਲਿਜਾਣ ਨਾਲ ਸਬੰਧਿਤ ਕੰਮਾਂ ਨਾਲ ਜੁੜੇ ਹੋਏ ਹਨ, ਦੀ ਸਹਾਇਤਾ ਕਰਨ ਲਈ ਸਥਾਪਿਤ ਹੈ। ਇਹ ਨਾ ਤਾਂ ਉਸ ਕਿਸੇ ਲਈ ਹੈ, ਜੋ ਉਹਨਾਂ ਸਨਅਤਾਂ ਵਿਚ ਕੰਮ ਨਹੀਂ ਕਰਦਾ, ਨਾ ਹੀ ਉਸ ਕਿਸੇ ਲਈ ਹੈ, ਜੋ ਗ੍ਰੇਟ ਬ੍ਰਿਟੇਨ ਵਿਚ ਕੰਮ ਨਹੀਂ ਕਰਦਾ। ਇਸ ਲਈ ਬ੍ਰਿਟਿਸ਼ ਪਤੇ ਦੀ ਲੋੜ ਹੈ।

ਬ੍ਰਿਟੇਨ ਵਿਚਲੀਆਂ ਚੈਰਿਟੀਆਂ ਸੇਵਾਵਾਂ ਦੀ ਵਿਆਪਕ ਸ਼੍ਰੇਣੀ ਉਪਲਬਧ ਕਰਾਉਂਦੀ ਹੈ ਅਤੇ ਸਰਕਾਰ ਉਹਨਾ ਨੂੰ ਟੈਕਸ ਲਾਭ ਦਿੰਦੀ ਹੈ, ਕਿਉਂਕਿ ਉਹ ਜਨਤਕ ਸੇਵਾ ਉਪਲਬਧ ਕਰਦੀਆਂ ਹਨ। ਇਹ ਜ਼ਰੂਰੀ <u>ਨਹੀਂ</u> ਕਿ ਧਾਰਮਿਕ ਸੰਸਥਾ ਹੋਵੇ ਅਤੇ ਇਹ ਕਿਸੇ ਤਰ੍ਹਾਂ ਵੀ ਸਰਕਾਰ ਜਾਂ ਨੋਕਰੀਦਾਤਾ ਨਾਲ ਸਬੰਧਿਤ ਨਹੀਂ ਹਨ।

ਚੈਰਿਟੀਆਂ ਲਾਹੇਵੰਦ ਕਾਰੋਬਾਰ ਨਹੀਂ ਹਨਃ ਉਹ ਲਾਭ ਨਹੀਂ ਕਮਾਉਂਦੀਆਂ। ਇਹਨਾਂ ਦਾ ਸੰਚਾਲਨ, ਬਿਨਾ ਭੁਗਤਾਨ ਵਾਲੇ ਟ੍ਰਸਟੀਆਂ ਵਲੋਂ ਕੀਤਾ ਜਾਂਦਾ ਹੈ, ਪਰ ਸਟਾਫ਼ ਨੂੰ ਆਮ ਤੌਰ 'ਤੇ ਭੁਗਤਾਨ ਕੀਤਾ ਜਾਂਦਾ ਹੈ।

TBF ਇਕ ਚੈਰਿਟੀ ਹੈ। ਸਾਡੀ ਸਥਾਪਨਾ ਸਿਰਫ਼ ਮੈਂਬਰਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਕੀਤੀ ਗਈ ਹੈ, ਜਦੋਂ ਉਹਨਾਂ ਨੂੰ ਲੋੜ ਹੋਵੇ, ਔਖਿਆਈ 'ਚ ਜਾਂ ਢਹਿੰਦੀ ਕਲਾ ਵਿਚ ਹੋਣ। ਇਸਦਾ ਮੈਂਬਰ ਬਣਨ ਲਈ ਹਫ਼ਤੇ ਵਿਚ £1 ਲਾਗਤ ਆਏਗੀ ਅਤੇ ਇਸਦੇ ਘੇਰੇ ਹੇਠ ਮੈਂਬਰ ਅਤੇ (ਜੇ ਉਹ ਉਹਨਾਂ ਦੇ ਨਾਲ ਯੂਨਾਇਟਿਡ ਕਿੰਗਡਮ ਵਿਚ ਰਹਿੰਦੇ ਹਨ) ਉਹਨਾਂ ਦਾ ਸਾਥੀ ਅਤੇ ਉਹਨਾਂ ਦੇ ਬੱਚੇ ਆਉਂਦੇ ਹਨ। ਸਾਡਾ ਬ੍ਰੋਸ਼ਰ, ਇਕ ਮੈਂਬਰ ਬਣਨ ਦੇ ਫ਼ਾਇਦਿਆਂ ਦੀ ਰੂਪ-ਰੇਖਾ ਦੱਸਦਾ ਹੈ ਅਤੇ ਸਾਡੀ ਵੈਬਸਾਈਟ 'ਤੇ ਕਾਫ਼ੀ ਹੋਰ ਜਾਣਕਾਰੀ ਹੈ। ਇਹ ਸਭ ਕੁਝ ਅੰਗ੍ਰੇਜ਼ੀ ਵਿਚ ਹੈ। ਇਸ ਲੀਫ਼ਲੈਟ ਦਾ ਉਦੇਸ਼ ਤੁਹਾਡੀ ਹੋਰ ਉਪਲਬਧ ਸਮੱਗਰੀ ਨਾਲ ਜਾਣ-ਪਛਾਣ ਕਰਾਉਣਾ ਹੈ।

ਸਾਡੇ ਲਾਭਾਂ ਵਿਚ ਜਿਥੇ ਕਿਤੇ ਸਮਸਿਆ ਹੋਵੇ, ਥੋੜ੍ਹੀ ਮਿਆਦ ਦੀ ਨਕਦ ਮਦਦ, ਪੂਰਕ ਡਾੱਕਟਰੀ ਥਿਰੈਪੀਆਂ (ਜਿਵੇਂ ਓਸਟੀਓਪੈਥੀ, ਕੁਦਰਤੀ ਦਵਾਈ ਅਤੇ ਕਾਂਉਂਸਿਲਿੰਗ) ਲਈ ਭੁਗਤਾਨ ਕਰਨੇ, ਕਾਨੂੰਨੀ ਸਹਾਇਤਾ (ਪਰ ਤੁਹਾਡੀ ਨੋਕਰੀ ਨਾਲ ਸਬੰਧਿਤ ਮਾਮਲਿਆਂ 'ਤੇ ਨਹੀਂ) ਦੇਣਾ ਅਤੇ ਡਾੱਕਟਰੀ ਟੈਸਟਾਂ ਜਾਂ ਸਕੈਨਾਂ ਦੀ ਲਾਗਤ, ਜਿਥੇ ਇਹ ਛੇਤੀ ਨਾਲ ਹਾਸਿਲ ਨਹੀਂ ਕੀਤੀ ਜਾ ਸਕਦੀ, ਨਾਲ ਮਦਦ ਕਰਨਾ ਸ਼ਾਮਿਲ ਹੈ।

ਅਸੀਂ ਆਮ ਤੌਰ 'ਤੇ ਡਾੱਕਟਰੀ ਅੱਪਰੇਸ਼ਨਾਂ, ਸਸਕਾਰਾਂ, ਨਜ਼ਰ ਸਬੰਧੀ ਉਪਕਰਣਾਂ ਜਾਂ ਦੰਦਾਂ ਦੇ ਇਲਾਜ ਦੀਆਂ ਲਾਗਤਾਂ ਨਾਲ ਮਦਦ ਨਹੀਂ ਕਰ ਸਕਦੇ, ਫਿਰ ਵੀ ਅਸੀਂ ਅਸਾਧਾਰਣ ਸਥਿਤੀਆਂ ਵਿਚ ਕੁਝ ਮਦਦ ਦੀ ਪੇਸ਼ਕਸ਼ ਕਰ ਸਕਦੇ ਹਾਂ। ਇਕ ਧਰਮਾਰਥ ਹੋਣ ਦੀ ਸ਼ਰਤ ਹੈ ਕਿ ਸਾਡੇ ਟ੍ਰਸਟੀਆਂ ਨੂੰ ਮਦਦ ਲਈ ਅਰਜ਼ੀਆਂ 'ਤੇ ਵਿਚਾਰ ਕਰਨੀ ਚਾਹੀਦੀ ਹੈ – ਅਸੀਂ, ਸਾਨੂੰ ਪ੍ਰਾਪਤ ਹੋਈ ਹਰ ਬੇਨਤੀ 'ਤੇ ਮਦਦ ਕਰਨ ਦਾ ਵਾਅਦਾ ਨਹੀਂ ਕਰ ਸਕਦੇ।

ਸਾਨੂੰ ਉਮੀਦ ਹੈ ਕਿ ਤੁਸੀਂ ਸਾਡੇ ਨਾਲ ਜੁੜੋਗੇ, ਤਾਂ ਕਿ ਤੁਸੀਂ, ਜੇ ਗ੍ਰੇਟ ਬ੍ਰਿਟੇਨ ਨਾਲ ਕੰਮ ਕਰਦਿਆਂ ਤੁਹਾਡੇ ਨਾਲ ਸਮਸਿਆਵਾਂ ਪੈਦਾ ਹੋਣ, ਮਦਦ ਲਈ ਸਾਡੇ ਕੋਲ ਆ ਸਕੋਗੇ। ਅਸੀਂ ਆਮ ਤੌਰ 'ਤੇ ਤੁਹਾਡੇ ਯੋਗਦਾਨ ਨੂੰ ਸਿੱਧਿਆਂ ਤੁਹਾਡੀ ਤਨਖ਼ਾਹ 'ਚੋਂ ਲੈ ਸਕਦੇ ਹਾਂ।

ਅਸੀਂ ਇਕ ਮਜ਼ਦੂਰ ਯੂਨੀਅਨ ਦਾ ਪੂਰਕ ਨਹੀਂ ਹਾਂ। ਤੁਹਾਨੂੰ ਉਹਨਾਂ ਨਾਲ ਵੀ ਜੁੜਨ ਬਾਰੇ ਸੋਚਣਾ ਚਾਹੀਦਾ ਹੈ, ਜੇ ਤੁਹਾਨੂੰ ਆਪਣੇ ਕੰਮ ਵਿਚ ਸਮਸਿਆਵਾਂ ਆਉਣ।

ਸ਼ੁਭ-ਕਾਮਨਾਵਾਂ। ਅਸੀਂ, TBF ਲਈ, ਤੁਹਾਡਾ ਸੁਆਗਤ ਕਰਨ ਦੀ ਤਾਂਘ ਰੱਖਦੇ ਹਾਂ।